# Official Spokesperson's response to media queries on inauguration of road on 8th May in Pithoragarh district, Uttarakhand

May 09, 2020

.........................................................................................................................................

# ਉੱਤਰਾਖੰਡ ਦੇ ਪਿਥੌਰਾਗੜ ਜ਼ਿਲੇ ਵਿੱਚ 8 ਮਈ ਨੂੰ ਹੋਏ ਸੜਕ ਦੇ ਉਦਘਾਟਨ ਦੇ ਮੌਕੇ 'ਤੇ ਮੀਡੀਆ ਦੇ ਸਵਾਲਾਂ ਦਾ ਸਰਕਾਰੀ ਬੁਲਾਰੇ ਵੱਲੋਂ ਜਵਾਬ

9 ਮਈ, 2020

ਉੱਤਰਾਖੰਡ ਦੇ ਪਿਥੌਰਾਗੜ ਜ਼ਿਲੇ ਵਿੱਚ **8** ਮਈ ਨੂੰ ਹੋਏ ਸੜਕ ਦੇ ਉਦਘਾਟਨ ਦੇ ਮੌਕੇ 'ਤੇ ਮੀਡੀਆ ਦੇ ਸਵਾਲਾਂ ਦੇ ਜਵਾਬ ਵਿੱਚ ਅਧਿਕਾਰਿਤ ਬੁਲਾਰੇ ਨੇ ਕਿਹਾ**:**

ਅਸੀਂ ਨੇਪਾਲ ਦੇ ਵਿਦੇਸ਼ ਮੰਤਰਾਲੇ ਦੁਆਰਾ ਭਾਰਤ ਵਿੱਚ ਇੱਕ ਸੜਕ ਦੇ ਉਦਘਾਟਨ ਸਬੰਧੀ ਜਾਰੀ ਕੀਤਾ ਗਿਆ ਪ੍ਰੈਸ ਬਿਆਨ ਪੜ੍ਹਿਆ ਹੈ।

ਉੱਤਰਾਖੰਡ ਰਾਜ ਦੇ ਪਿਥੌਰਾਗੜ ਜ਼ਿਲ੍ਹੇ ਵਿੱਚ ਜਿਸ ਸੜਕ ਦਾ ਹਾਲ ਵਿੱਚ ਹੀ ਉਦਘਾਟਨ ਕੀਤਾ ਗਿਆ ਹੈ, ਉਹ ਸੜਕ ਪੂਰੀ ਤਰ੍ਹਾਂ ਭਾਰਤੀ ਖੇਤਰ ਦਾ ਹਿੱਸਾ ਹੈ। ਇਹ ਸੜਕ ਕੈਲਾਸ਼ ਮਨਸਾਰੋਵਰ ਯਾਤਰਾ ਲਈ ਸ਼ਰਧਾਲੂਆਂ ਦੁਆਰਾ ਵਰਤੇ ਜਾਂਦੇ ਪੁਰਾਣੇ ਰਸਤੇ ਅਨੁਸਾਰ ਹੀ ਬਣੀ ਹੈ। ਮੌਜੂਦਾ ਪ੍ਰੋਜੈਕਟ ਦੇ ਤਹਿਤ ਇਹ ਸੜਕ ਸ਼ਰਧਾਲੂਆਂ, ਸਥਾਨਕ ਲੋਕਾਂ ਅਤੇ ਵਪਾਰੀਆਂ ਦੀ ਸਹੂਲਤ ਲਈ ਲਚਕੀਲੀ ਬਣਾਈ ਗਈ ਹੈ।

ਭਾਰਤ ਅਤੇ ਨੇਪਾਲ ਨੇ ਸਰਹੱਦਾਂ ਨਾਲ ਜੁੜੇ ਮਾਮਲਿਆਂ ਨਾਲ ਨਜਿੱਠਣ ਲਈ ਤੰਤਰ ਸਥਾਪਤ ਕੀਤਾ ਹੈ। ਨੇਪਾਲ ਨਾਲ ਸਰਹੱਦ ਤੈਅ ਕਰਨ ਦਾ ਕੰਮ ਚੱਲ ਰਿਹਾ ਹੈ। ਭਾਰਤ ਅਣਸੁਲਝੇ ਸਰਹੱਦੀ ਮਸਲਿਆਂ ਨੂੰ ਕੂਟਨੀਤਕ ਗੱਲਬਾਤ ਰਾਹੀਂ ਅਤੇ ਨੇਪਾਲ ਨਾਲ ਸਾਡੇ ਨੇੜਲੇ ਅਤੇ ਦੋਸਤਾਨਾ ਦੁਵੱਲੇ ਸੰਬੰਧਾਂ ਦੀ ਭਾਵਨਾ ਵਿੱਚ ਹੱਲ ਕਰਨ ਪ੍ਰਤੀ ਵਚਨਬੱਧ ਹੈ।

ਦੋਵੇਂ ਧਿਰ ਵਿਦੇਸ਼ ਸਕੱਤਰ ਪੱਧਰ ਦੀ ਗੱਲਬਾਤ ਦੀ ਵਿਉਂਤਬੰਦੀ ਕਰਨ ਦੀ ਪ੍ਰਕਿਰਿਆ ਵਿੱਚ ਰੁੱਝੇ ਹਨ, ਜੋ ਦੋਵਾਂ ਸਮਾਜਾਂ ਅਤੇ ਸਰਕਾਰਾਂ ਦੁਆਰਾ **COVID 19** ਸੰਕਟ ਨਾਲ ਸਫਲਤਾਪੂਰਵਕ ਨਜਿੱਠਣ ਤੋਂ ਬਾਅਦ ਤੈਅ ਕੀਤੀਆਂ ਗਈਆਂ ਤਾਰੀਖਾਂ 'ਤੇ ਹੋਵੇਗੀ।

**ਨਵੀਂ ਦਿੱਲੀ**

9 ਮਈ, 2020

DISCLAIMER: This is an approximate translation. The original is available in English on MEA’s website and may be referred to as the official press release.